ਮਿੱਠੇ ਬੱਚੇ:- "ਮਿੱਠੇ ਬੱਚੇ :- ਦੇਹ ਸਹਿਤ ਸਭ ਕੁਝ ਭੁੱਲ ਪੂਰਾ ਬੇਗਰ ਬਣੋ, ਸ਼ਿਵਪੁਰੀ ਅਤੇ ਵਿਸ਼ਨੂੰਪੁਰੀ ਨਾਲ ਆਪਣਾ ਬੁੱਧੀਯੋਗ ਲਗਾਓ"

ਪ੍ਰਸ਼ਨ:- ਕਿਸ ਗੱਲ ਵਿੱਚ ਤੁਸੀਂ ਬੱਚਿਆਂ ਨੂੰ ਬਾਪ ਸਮਾਨ ਫਰਾਕ ਦਿਲ ਬਣਨਾ ਹੈ?

ਉੱਤਰ:- ਜਿਵੇਂ ਬਾਬਾ ਫਰਾਕਦਿਲ ਬਣ ਤੁਸੀਂ ਬਚਿਆਂ ਤੋਂ ਕੱਖਪਣ ਲੈ ਤੁਹਾਨੂੰ ਵਿਸ਼ਵ ਦੀ ਬਾਦਸ਼ਾਹੀ ਦਿੰਦੇ ਹਨ ਉਵੇਂ ਤੁਹਾਨੂੰ ਵੀ ਫਰਾਕਦਿਲ ਬਣਨਾ ਹੈ। ਜਗ੍ਹਾ - ਜਗ੍ਹਾ ਤੇ ਗੌਡਲੀ ਯੂਨੀਵਰਸਿਟੀ ਖੋਲ ਦਵੋ। ਤਿੰਨ - ਚਾਰ ਨੇ ਵੀ ਚੰਗੀ ਪਦਵੀ ਪਾਈ ਤਾਂ ਓਹੋ ਸੋਭਾਗ। ਸਪੂਤ ਬਣ ਸਤਿਗੁਰੂ ਦਾ ਸ਼ੋ ਕਰੋ। ਕਦੇ ਵੀ ਕਿਸੇ ਤੋਂ ਪੈਸਾ ਆਦਿ ਨਹੀਂ ਮੰਗੋ।

ਗੀਤ:- ਬਚਪਨ ਕੇ ਦਿਨ ਭੁਲਾ ਨਾ ਦੇਣਾ...

ਓਮ ਸ਼ਾਂਤੀ। ਬੱਚਿਆਂ ਨੂੰ ਬਹਿਲਾਉਣ ਦੇ ਲਈ ਇਹ ਸਭ ਗੀਤ ਹਨ। ਬਾਪਦਾਦਾ ਅਤੇ ਮੰਮਾ। ਮੰਮਾ ਦੋ ਹੁੰਦੀਆਂ ਹਨ। ਦਾਦੀ ( ਗ੍ਰੈਂਡ ਮਦਰ )ਅਤੇ ਮਾਤਾ। ਇਹ ਤੁਹਾਡੀ ਦਾਦੀ ਵੀ ਹੈ। ਤੁਸੀਂ ਬ੍ਰਹਮਾ ਦੀਆਂ ਬੱਚੀਆਂ ਹੋ ਅਤੇ ਸ਼ਿਵ ਦੀਆਂ ਪੋਤਰੀਆਂ ਹੋ। ਮੰਮਾ ਵੀ ਬ੍ਰਹਮਾ ਦੀ ਬੱਚੀ ਸਰਸਵਤੀ ਹੈ। ਸ਼ਿਵਬਾਬਾ ਦੀ ਪੋਤਰੀ ਹੈ। ਬੱਚਿਆਂ ਨੂੰ ਸੰਭਾਲਣ ਦੇ ਲਈ ਜਗਤ ਅੰਬਾ ਨਿਮਿਤ ਬਣੀ ਹੋਈ ਹੈ। ਸ਼ਿਵਬਾਬਾ ਹਨ ਬਹੁਰੂਪੀ। ਉਹ ਬਹੁਤ ਖੇਲਪਾਲ ਕਰਦੇ ਹਨ। ਸਵ੍ਹੇਜ (ਮਨੋਰੰਜਨ) ਹੁੰਦੇ ਹਨ ਨਾ। ਜਦੋਂ ਸਗਾਈ ਹੁੰਦੀ ਹੈ ਤਾਂ ਬਹੁਤ ਸਵਹੇਜ਼ ਕਰਦੇ ਹਨ ਅਤੇ ਜਦੋਂ ਵਿਆਹ ਦਾ ਟਾਇਮ ਹੁੰਦਾ ਹੈ ਤਾਂ ਦੋਵੇਂ ਹੀ ਫਟੇ ਹੋਏ ਕੱਪੜੇ ਪਾਉਂਦੇ ਹਨ। ਤੇਲ ਲਗਾਉਂਦੇ ਹਨ। ਇਹ ਰਸਮ ਵੀ ਇੱਥੋਂ ਦੀ ਹੈ। ਤੁਸੀਂ ਬੱਚਿਆਂ ਨੂੰ ਵੀ ਬਾਬਾ ਸਮਝਾਉਂਦੇ ਹਨ ਪੂਰਾ ਬੈਗਰ ਬਣਨਾ ਹੈ। ਕੁਝ ਵੀ ਨਹੀਂ ਹੋਵੇਗਾ ਤਾਂ ਸਭ ਕੁਝ ਮਿਲ ਜਾਵੇਗਾ। ਦੇਹ ਸਹਿਤ ਕੁਝ ਵੀ ਨਾ ਰਹੇ। ਸ਼ਿਵਪੁਰੀ, ਵਿਸ਼ਨੂੰਪੁਰੀ ਵੱਲ ਹੀ ਬੁੱਧੀਯੋਗ ਲਗਾਉਣਾ ਹੈ। ਹੋਰ ਕਿਸੇ ਚੀਜ ਵਿੱਚ ਆਸਕਤੀ ਨਹੀਂ ਹੋਵੇ, ਤਾਂ ਵੇਖੋ ਬਾਬਾ ਬੱਚਿਆਂ ਨੂੰ ਬੇਹਲਾਉਂਦੇ ਹਨ। ਇਹ ਵੀ ਬਾਬਾ ਦੇ ਅਨੇਕ ਰਾਜ਼ ਹਨ। ਵੇਖੋ ਮੀਰਾ ਦਾ ਕਿੰਨਾਂ ਗਾਇਨ ਹੈ। ਲੋਕਲਾਜ ਖੋਈ ਸਿਰਫ ਇਸ ਪਵਿੱਤ੍ਰਤਾ ਦੇ ਕਾਰਣ। ਕਿੰਨਾਂ ਨਾਮ ਨਿਕਲਿਆ ਹੈ। ਉਨ੍ਹਾਂ ਨੂੰ ਤਾਂ ਅੰਮ੍ਰਿਤ ਵੀ ਨਹੀਂ ਮਿਲਿਆ। ਸਿਰਫ ਸ਼੍ਰੀਕ੍ਰਿਸ਼ਨ ਨਾਲ ਪ੍ਰੀਤ ਸੀ। ਸ਼੍ਰੀਕ੍ਰਿਸ਼ਨਪੁਰੀ ਵਿੱਚ ਜਾਵਾਂਗੀ ਇਸਲਈ ਵਿਸ਼ ਨੂੰ ਛੱਡਿਆ। ਜਿਵੇਂ ਪਤੀ ਦੇ ਪਿਛਾੜੀ ਇਸਤਰੀ ਸਤੀ ਬਣਦੀ ਹੈ ਨਾ। ਹੁਣ ਇਵੇਂ ਤਾਂ ਨਹੀਂ ਮੀਰਾ ਯਾਦ ਕਰਦੇ - ਕਰਦੇ ਕ੍ਰਿਸ਼ਨਪੁਰੀ ਵਿੱਚ ਗਈ। ਮੀਰਾ ਨੂੰ ਤਾਂ 5-7 ਸੌ ਵਰ੍ਹੇ ਹੋਏ ਹੋਣਗੇ। ਭਗਤਿਨ ਬਹੁਤ ਚੰਗੀ ਸੀ ਇਸਲਈ ਕਿਸੇ ਚੰਗੇ ਭਗਤ ਦੇ ਘਰ ਜਨਮ ਲਿਆ ਹੋਵੇਗਾ। ਉਨ੍ਹਾਂ ਦਾ ਨਮਾਚਾਰ ਕਿੰਨਾਂ ਚਲਿਆ ਆਉਂਦਾ ਹੈ। ਇਹ ਤਾਂ ਭਗਤ ਮੀਰਾ ਸੀ, ਤੁਸੀਂ ਸੱਚੀ ਗਿਆਨ ਮੀਰਾ ਬਣਦੀ ਹੋ। ਤੁਸੀਂ ਆਈ ਹੀ ਹੋ ਸੂਰਜਵੰਸ਼ੀ, ਚੰਦ੍ਰ ਵੰਸ਼ੀ ਮਹਾਰਾਣੀ ਬਣਨ ਦੇ ਲਈ। ਭਾਵੇਂ ਪਹਿਲੇ ਅਨਪੜ ਪੜੇ ਅੱਗੇ ਭਰੀ ਢਉਂਦੇ ਹਨ। ਪ੍ਰੰਤੂ ਮਹਾਰਾਣੀ ਤੇ ਬਣੇਗੀ ਨਾ। ਜੇਕਰ ਬਚਪਨ ਨੂੰ ਭੁੱਲ ਹੱਥ ਛੱਡ ਦਿੱਤਾ ਫਿਰ ਤਾਂ ਕਦੇ ਨਹੀਂ ਮਹਾਰਾਣੀ ਬਣੇਗੀ ਅਤੇ ਪ੍ਰਜਾ ਵਿੱਚ ਵੀ ਘਟ ਪਦਵੀ ਪਾਏਗੀ। ਬੈਕੁੰਠ ਵਿੱਚ ਤੇ ਆਉਣਗੇ ਪਰ ਘਟ ਪਦਵੀ। ਬਾਬਾ ਨੇ ਸਮਝਾਇਆ ਹੈ ਭਗਤੀ ਕਰਨ ਵਾਲਿਆਂ ਤੋਂ ਵੀ ਪੁੱਛਣਾ ਚਾਹੀਦਾ ਹੈ ਕਿ ਤੁਸੀਂ ਕੀ ਚਾਹੁੰਦੇ ਹੋ? ਸ਼੍ਰੀਕ੍ਰਿਸ਼ਨ ਦੀ ਭਗਤੀ ਕਿਓਂ ਕਰਦੇ ਹੋ? ਜਰੂਰ ਦਿਲ ਹੋਵੇਗੀ ਉਨ੍ਹਾਂ ਦੀ ਰਾਜਧਾਨੀ ਵਿਚ ਜਾਵੇਂ। ਪ੍ਰੰਤੂ ਉੱਥੇ ਜਾਵੋਗੇ ਕਿਵੇਂ? ਬਹੁਤ ਮਨੁੱਖ ਕਹਿੰਦੇ ਹਨ ਸਾਨੂੰ ਸ਼ਾਂਤੀ ਚਾਹੀਦੀ ਹੈ। ਪਰ ਅਸ਼ਾਂਤੀ ਤੇ ਸਾਰੀ ਦੁਨੀਆ ਵਿਚ ਹੈ ਨਾ। ਤੁਹਾਨੂੰ ਇੱਕ ਨੂੰ ਸ਼ਾਂਤੀ ਮਿਲਣ ਨਾਲ ਕੀ ਹੋਵੇਗਾ। ਅਸੀ ਤੁਹਾਨੂੰ 21 ਜਨਮਾਂ ਦੇ ਲਈ ਸੁਖੀ ਬਣਾ ਸਕਦੇ ਹਾਂ। ਦੇਵਤੇ ਇਸ ਭਾਰਤ ਵਿਚ ਹੀ ਸਦਾ ਸੁਖੀ ਸਨ। ਹੁਣ ਉਹ ਰਾਜਧਾਨੀ ਸਥਾਪਨ ਹੋ ਰਹੀ ਹੈ। ਇੱਥੇ ਤਾਂ ਹੈ ਹੀ ਮਾਇਆ ਦਾ ਰਾਜ। ਸ਼ਾਂਤੀ ਮਿਲ ਨਹੀਂ ਸਕਦੀ। ਸ਼ਾਂਤੀ ਦੇ ਲਈ ਵੱਖ ਜਗ੍ਹਾ ਹੈ। ਸੁਖਧਾਮ ਮਾਨਾ ਸਭ ਸੁਖੀ। ਕੋਈ ਇੱਕ ਵੀ ਦੁਖੀ ਨਹੀਂ ਰਹਿੰਦਾ। ਅਤੇ ਦੁਖਧਾਮ ਵਿੱਚ ਫਿਰ ਇੱਕ ਵੀ ਸੁਖੀ ਨਹੀਂ ਰਹਿੰਦਾ। ਜਿਵੇਂ ਰਾਜਾ ਰਾਣੀ ਉਵੇਂ ਪ੍ਰਜਾ ਸਭ ਦੁਖੀ ਹੀ ਦੁੱਖੀ ਹਨ। ਸੁਖਧਾਮ ਵਿੱਚ ਤੇ ਜਾਨਵਰ ਵੀ ਕਦੀ ਦੁਖੀ ਨਹੀਂ ਹੁੰਦੇ। ਸ਼ਾਂਤੀ ਦੀ ਦੁਨੀਆਂ ਵੱਖ ਹੈ, ਜਿਸਨੂੰ ਨਿਰਵਾਣਧਾਮ ਕਹਿੰਦੇ ਹਨ। ਬੁੱਧ ਪਾਰ ਨਿਰਵਾਣ ਗਿਆ। ਪਰ ਗਿਆ ਕੋਈ ਵੀ ਨਹੀਂ ਹੈ। ਜੇਕਰ ਖੁਦ ਚਲਾ ਗਿਆ ਫਿਰ ਕੀ ਕਰਕੇ ਗਿਆ। ਸਭ ਦੁਖੀ ਹੀ ਦੁਖੀ ਹਨ। ਸਭ ਲੜ੍ਹ ਰਹੇ ਹਨ। ਬਰਮਾ, ਸਿਲਾਣ ਬੋਧੀਆਂ ਦੀ ਹੈ। ਉਹ ਵੀ ਕਹਿੰਦੇ ਹਨ ਹਿੰਦੂ ਨਿਕਲ ਜਾਣ। ਸਹਿਣ ਨਹੀਂ ਕਰ ਸਕਦੇ। ਹੁਣ ਬਾਬਾ ਵੀ ਦੇਖਦੇ ਹਨ ਕਿ ਅਨੇਕ ਧਰਮ ਹੋ ਗਏ ਹਨ ਤਾਂ ਸਹਿਣ ਨਹੀਂ ਕਰ ਸਕਦੇ ਹਨ, ਇਸਲਈ ਸਭਨੂੰ ਇੱਕਦਮ ਨਿਕਾਲ ਦਿੰਦੇ ਹਨ। ਸਤਿਯੁਗ ਵਿੱਚ ਇੱਕ ਧਰਮ ਰਹਿੰਦਾ ਹੈ। ਇਹ ਸਭ ਗਿਆਨ ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਹੈ। ਚਿੱਤਰ ਹੱਥ ਵਿੱਚ ਉਠਾਕੇ ਵਾਨਪ੍ਰਸਥੀਆਂ ਦੀ ਸਰਵਿਸ ਕਰਨੀ ਚਾਹੀਦੀ ਹੈ। ਮੰਦਿਰਾਂ ਵਿੱਚ ਵੀ ਘੁਸ ਜਾਣਾ ਚਾਹੀਦਾ ਹੈ। ਉਹਨਾਂ ਨਾਲ ਜਾਕੇ ਚਿੱਟ ਚੈਟ ਕਰਨੀ ਚਾਹੀਦੀ ਹੈ। ਸ਼ੰਕਰ ਦੇ ਵੀ ਅੱਗੇ ਸ਼ਿਵਲਿੰਗ ਨੂੰ ਵਿਖਾਉਂਦੇ ਹਨ। ਤਾਂ ਜਰੂਰ ਉਹ ਸ਼ੰਕਰ ਤੋਂ ਵੱਡਾ ਹੋਇਆ ਨਾ! ਜੇਕਰ ਸ਼ੰਕਰ ਭਗਵਾਨ ਦਾ ਰੂਪ ਹੈ ਤਾਂ ਫਿਰ ਉਹਨਾਂ ਦੇ ਸਾਮ੍ਹਣੇ ਸ਼ਿਵਲਿੰਗ ਰੱਖਣ ਦੀ ਕੀ ਲੋੜ ਹੈ। ਇਹ ਸਭ ਸੰਨਿਆਸੀਆਂ ਦਾ ਫੈਲਾਵ ਹੈ, ਉਹ ਆਪਣੇ ਨੂੰ ਬ੍ਰਹਮ ਗਿਆਨੀ ਤਤ੍ਵ ਗਿਆਨੀ ਕਹਿਲਾਉਂਦੇ ਹਨ। ਸ਼ਿਵ ਦਾ ਤੇ ਉਹਨਾਂ ਨੂੰ ਪਤਾ ਵੀ ਨਹੀਂ ਹੈ। ਬ੍ਰਹਮ ਤੱਤਵ ਤਾਂ ਰਹਿਣ ਦਾ ਸਥਾਨ ਹੈ। ਉਹ ਤੇ ਬ੍ਰਹਮ ਅਤੇ ਤਤ੍ਵ ਨੂੰ ਇੱਕ ਨਹੀਂ ਮੰਨਦੇ ਹਨ। ਅੱਛਾ ਬ੍ਰਹਮ ਗਿਆਨੀ, ਤੱਤਵ ਗਿਆਨੀ ਹਨ ਫਿਰ ਆਪਣੇ ਨੂੰ ਸ਼ਿਵ ਕਿਉਂ ਕਹਿਲਾਉਂਦੇ ਹਨ? ਉਹ ਤਾਂ ਸਮਝਦੇ ਸ਼ਿਵ ਵੀ ਇੱਕ ਹੀ ਹੈ, ਬ੍ਰਹਮ ਵੀ ਇੱਕ ਹੀ ਹੈ। ਜੇਰਕ ਇੱਕ ਹੀ ਹੈ ਤਾਂ ਭਲਾ ਤਿੰਨ ਨਾਮ ਵੱਖ - ਵੱਖ ਕਿਉਂ ਕੀਤੇ ਹਨ? ਸ਼ਿਵ ਦੀ ਤਾਂ ਲਿੰਗ ਰੂਪ ਵਿੱਚ ਪੂਜਾ ਹੁੰਦੀ ਹੀ ਹੈ। ਬ੍ਰਹਮ ਮਤਲਬ ਤਤ੍ਵ ਦੀ ਪੂਜਾ ਕਿਸ

ਰੂਪ ਵਿੱਚ ਦਿਖਾਈ ਹੈ? ਉਹ ਤਾਂ ਹੈ ਰਹਿਣ ਦਾ ਸਥਾਨ। ਮਨੁੱਖ ਤਾਂ ਬਹੁਤ ਮੂੰਝੇ ਹੋਏ ਹਨ। ਤੁਹਾਨੂੰ ਬੱਚਿਆਂ ਨੂੰ ਹੁਣ ਹੁਸ਼ਿਆਰ ਹੋਣਾ ਹੈ। ਸਨਿਆਸੀਆਂ ਤੋਂ ਵੀ ਕਈ ਨਿਕਲਣਗੇ, ਜੋ ਅਸਲ ਦੇਵੀ -ਦੇਵਤਾ ਧਰਮ ਦੇ ਹੋਣਗੇ ਉਹ ਝੱਟ ਉੱਠਾ ਲੈਣਗੇ। ਕੋਈ 3- 4 ਜਨਮਾਂ ਤੋਂ ਕੰਨਵਰਟ ਹੋਏ ਹੋਣਗੇ ਤਾਂ ਇਨਾਂ ਜਲਦੀ ਨਹੀਂ ਨਿਕਲਣਗੇ। ਤਾਜੇ ਗਏ ਹੋਏ ਹੋਣਗੇ ਤਾਂ ਝੱਟ ਨਿਕਲਣਗੇ। ਬਾਬਾ ਵਿੱਚ ਕਸ਼ਿਸ਼ ਹੈ ਨਾ। ਆਤਮਾਵਾਂ ਹਨ ਸੂਈ, ਬਾਬਾ ਹੈ ਚੁਮਬਕ। ਹੁਣ ਸੁਈਆਂ ਤੇ ਕੱਟ ਚੜੀ ਹੋਈ ਹੈ। ਕਟ ਵਾਲੀ ਸੂਈ ਉਪਰ ਜਾਵੇ ਕਿਵੇਂ। ਜੰਕ ਵਾਲੀ ਚੀਜ਼ ਘਾਸਲੇਟ ਵਿੱਚ ਪਾਈ ਜਾਂਦੀ ਹੈ। ਬਾਬਾ ਇਸ ਗਿਆਨ ਅੰਮ੍ਰਿਤ ਨਾਲ ਸਬ ਦੀ ਕੱਟ ਨਿਕਾਲਦੇ ਹਨ, ਫਿਰ ਅਸੀਂ ਸੱਚਾ ਸੋਨਾ ਬਣ ਜਾਵਾਂਗੇ। ਤੁਸੀਂ ਪੱਥਰਨਾਥ ਤੋਂ ਹੁਣ ਪਾਰਸਨਾਥ ਬਣਦੇ ਹੋ। ਭਾਰਤ ਪਾਰਸਪੁਰੀ ਸੀ। ਹੁਣ ਸੋਨੇ ਦਾ ਦਾਮ ਕਿੰਨਾ ਚੜ੍ਹ ਗਿਆ ਹੈ। ਫਿਰ ਉੱਥੇ ਬਹੁਤ ਸਸਤਾ ਹੋ ਜਾਏਗਾ। ਹੁਣ ਇਹ ਭਾਰਤ ਪੱਥਰਪੁਰੀ ਬਣਿਆ ਹੈ। ਫਿਰ ਪਾਰਸਪੁਰੀ ਬਣੇਗਾ। ਸਾਡੀ ਬੁੱਧੀ ਵਿੱਚ ਉਹ ਚਕ੍ਰ ਫਿਰਦਾ ਰਹਿੰਦਾ ਹੈ। ਸਾਰਾ ਦਿਨ ਚੱਕਰ ਬੁੱਧੀ ਵਿੱਚ ਫਿਰੇਗਾ ਤਾਂ ਹੀ ਚਕ੍ਰਵਰਤੀ ਰਾਜੇ - ਰਾਣੀ ਬਣਨਗੇ। ਦੁਨੀਆਂ ਵਿੱਚ ਇਹਨਾਂ ਗੱਲਾਂ ਨੂੰ ਕੋਈ ਵੀ ਨਹੀਂ ਜਾਣਦੇ। ਤੁਸੀਂ ਜਾਣਦੇ ਹੋ ਸਤਿਯੁਗ ਵਿੱਚ ਜੋ ਰਾਜ ਕਰਦੇ ਉਨ੍ਹਾਂ ਦੇ 84 ਜਨਮ, ਫਿਰ ਤ੍ਰੇਤਾ ਵਾਲਿਆਂ ਦੇ ਜਰੂਰ ਘਟ ਹੋਣਗੇ। ਕਿੱਥੇ 84 ਜਨਮ, ਕਿੱਥੇ 84 ਲੱਖ ਦਿਖਾਉਂਦੇ ਹਨ। ਫਿਰ ਤਾਂ ਕਲਪ ਵੀ ਇਨਾਂ ਲੰਬਾ ਚਾਹੀਦਾ ਹੈ, ਜੋ ਇੰਨੇ ਜਨਮ ਹੋਣ। ਹਨ ਸਭ ਗਪੌੜੇ। ਹਮੇਸ਼ਾ ਪਹਿਲੇ ਤਾਂ ਚਿਤਰ ਸਾਹਮਨੇ ਦੇ ਦੇਣਾ ਚਾਹੀਦਾ ਹੈ। ਪੈਸਾ ਤੁਸੀਂ ਕਦੀ ਨਹੀਂ ਮੰਗੋ। ਤੁਹਾਡਾ ਕੰਮ ਹੈ ਉਹਨਾਂ ਨੂੰ ਦੇਣਾ। ਕੁਝ ਵੀ ਦੇਣਾ ਹੋਵੇਗਾ ਤਾਂ ਆਪੇਹੀ ਦਵੇਗਾ। ਕੋਈ ਦਾਮ ਪੁੱਛੇ ਤਾਂ ਬੋਲੋ ਬਾਬਾ ਤਾਂ ਗਰੀਬ ਨਿਵਾਜ਼ ਹੈ। ਗਰੀਬਾਂ ਦੇ ਲਈ ਤਾਂ ਫ੍ਰੀ ਹੈ। ਬਾਕੀ ਸਾਹੂਕਾਰ ਦੇਣਗੇ ਓਨਾ ਅਸੀਂ ਹੋਰ ਵੀ ਛਪਾਵਾਂਗੇ। ਪੈਸਾ ਕੋਈ ਅਸੀਂ ਆਪਣੇ ਕੰਮ ਵਿੱਚ ਨਹੀਂ ਲਗਾਉਂਦੇ ਹਾਂ। ਜੋ ਮਿਲਦਾ ਹੈ ਉਹ ਹੋਰਾਂ ਦੇ ਹੀ ਕੰਮ ਵਿੱਚ ਲਗਾਇਆ ਜਾਂਦਾ ਹੈ। ਸਾਹੂਕਾਰ ਹੀ ਤਾਂ ਧਰਮਸ਼ਾਲਾ ਆਦਿ ਬਣਾਉਣਗੇ ਨਾ। ਹਾਂ ਗਰੀਬ ਵੀ ਬਣਾ ਸਕਦੇ ਹਨ, ਇਸ ਵਿੱਚ ਖ਼ਰਚਾ ਕੁਝ ਵੀ ਨਹੀਂ ਹੈ। ਜਿਵੇਂ ਕਕੋੜ ਗਾਂਵ ਦੀ ਮਾਤਾ ਕਹਿੰਦੀ ਹੈ ਮੈਂ ਸੈਂਟਰਸ ਖੋਲਾਂ। ਇਵੇਂ ਦੇ ਗਾਡਲੀ ਯੂਨੀਵਰਸਿਟੀ ਵਿੱਚ 3-4 ਨੇ ਵੀ ਚੰਗੀ ਪਦਵੀ ਨੂੰ ਪਾ ਲਿਆ ਤਾਂ ਅਹੋ ਭਾਗ ਉਹਨਾਂ ਦਾ। ਇਸ ਵਿੱਚ ਫਰਾਕ ਦਿਲ ਹੋਣਾ ਚਾਹੀਦਾ ਹੈ। ਬਾਬਾ ਦੇਖੋ ਕਿੰਨਾ ਫਰਾਕ ਦਿਲ ਹੈ। ਕੱਖਪਨ ਲੈ ਅਤੇ ਬਾਦਸ਼ਾਹੀ ਦੇ ਦਿੰਦੇ ਹਨ। ਸਪੂਤ ਬੱਚੇ ਹੀ ਬਾਬਾ ਦੀ ਸਰਵਿਸ ਕਰ ਸਕਦੇ ਹਨ। ਕਪੂਤ ਕੀ ਕਰਨਗੇ। ਕਪੂਤ ਨੂੰ ਥੋੜੀਹੀ ਬਾਪ ਵਰਸਾ ਦੇਣਗੇ। ਤੁਹਾਨੂੰ ਵੀ ਸਤਿਗੁਰੂ ਦਾ ਸ਼ੋ ਕਰਨਾ ਹੈ। ਕਾਮ ਅਤੇ ਕ੍ਰੋਧ ਵਿੱਚ ਆਏ ਤਾਂ ਗੋਇਆ ਸਤਿਗੁਰੂ ਦੀ ਨਿੰਦਾ ਕਰਾਈ ਫਿਰ ਪਦਵੀ ਪਾ ਨਹੀਂ ਸਕਣਗੇ। ਬਹੁਤ ਸੰਭਾਲ ਕਰਨੀ ਚਾਹੀਦੀ ਹੈ।

ਤੁਹਾਨੂੰ ਸਭ ਧਰਮ ਵਾਲਿਆਂ ਨੂੰ ਸਮਝਾਉਣਾ ਹੈ। ਮੁਸਲਮਾਨਾਂ ਨੂੰ ਵੀ ਸਮਝਾਓ - ਤੁਸੀਂ ਖੁਦ ਦੀ ਬੰਦਗੀ ਕਰਦੇ ਹੋ ਤਾਂ ਜਰੂਰ ਬੰਦੇ ਠਹਿਰੇ। ਭਲਾ ਖੁਦਾ ਕਿੱਥੇ ਹਨ? ਖੁਦਾ ਹੀ ਰਚਿਯਤਾ ਅਤੇ ਰਚਨਾ ਦੀ ਨਾਲੇਜ ਦਸ ਸਕਦੇ ਹਨ। ਉਹ ਤਾਂ ਰਹਿੰਦੇ ਹਨ ਸ਼ਾਂਤੀਧਾਮ ਵਿੱਚ। ਉਹਨਾਂ ਨੂੰ ਯਾਦ ਕਰਨ ਨਾਲ ਤੁਸੀਂ ਸ਼ਾਂਤੀ ਦਾ ਵਰਸਾ ਲੈ ਸਕਦੇ ਹੋ। ਵਰਸਾ ਲੈਂਦੇ- ਲੈਂਦੇ ਵਿਕਰਮ ਵਿਨਾਸ਼ ਹੋ ਜਾਣਗੇ ਅਤੇ ਫਿਰ ਤੁਸੀਂ ਖੁਦਾ ਦੇ ਕੋਲ ਚਲੇ ਜਾਓਗੇ। ਇਹ ਗਿਆਨ ਸਭ ਧਰਮਾਂ ਦੇ ਲਈ ਹੈ। ਇਹ ਹੈ ਬਿਲਕੁਲ ਨਵੀਂ ਗੱਲ। ਗਿਆਨ ਨਾਲ ਤੁਹਾਡਾ ਬੇੜਾ ਪਾਰ ਹੋ ਜਾਂਦਾ ਹੈ ਹੋਰ ਕਿੱਥੇ ਜਾਣ ਦੀ ਲੋੜ ਹੀ ਨਹੀਂ ਰਹਿੰਦੀ। ਤਾਂ ਮਿੱਠੇ ਬੱਚੇ ਹੁਣ ਤੁਸੀਂ ਸਵਰਗ ਵਿੱਚ ਚਲਦੇ ਹੋ ਤਾਂ ਪਵਿੱਤਰ ਜਰੂਰ ਬਣਨਾ ਹੈ। ਦੇਖੋ ਭਾਰਤ ਵਿੱਚ ਪਵਿਤ੍ਰਤਾ ਨਹੀਂ ਹੈ ਤਾਂ ਧੱਕੇ ਖਾਂਦੇ ਰਹਿੰਦੇ ਹਨ। ਕਿੰਨੇ ਹੰਗਾਮੇ ਹਨ - ਜੋ ਗਾਂਧੀ ਸਿੱਖਾਕੇ ਗਏ ਹਨ, ਪ੍ਰਜਾ ਫਾਲੋ ਕਰ ਰਹੀ ਹੈ। ਮਿਹਤਰ, ਮਜਦੂਰ, ਡਰਾਈਵਰ ਆਦਿ ਸਟ੍ਰਾਇਕ ਕਰਦੇ ਹਨ ਤਾਂ ਗੌਰਮਿੰਟ ਦਾ ਦਮ ਹੀ ਨੱਕ ਵਿੱਚ ਚੜਾ ਦਿੰਦੇ ਹਨ। ਗੌਰਮਿੰਟ ਉਹਨਾਂ ਨੂੰ ਸਾਫ਼ ਕਹਿ ਦਿੰਦੀ ਇਨ੍ਹਾਂ ਖਰਚਾ ਅਸੀਂ ਲਿਆਈਏ ਕਿਥੋਂ ਤੋਂ। ਤਾਂ ਉਹ ਕਹਿੰਦੇ ਤੁਸੀਂ ਤਾਂ ਮੌਜ਼ ਉਡਾਉਂਦੇ ਹੋ, ਧਨ ਹੀ ਧਨ ਇਕੱਠਾ ਕਰਦੇ ਰਹਿੰਦੇ ਹੋ। ਅਸੀਂ ਗੁਨਾਹ ਥੋੜੀ ਹੀ ਕੀਤਾ ਹੈ, ਸਾਨੂੰ ਤਲਬ (ਪਘਾਰ) ਚਾਹੀਦੀ ਹੈ। ਸਟ੍ਰਾਇਕ ਕਰ ਲੈਂਦੇ ਤਾਂ ਧੰਧਾ ਠਹਿਰ ਜਾਂਦਾ ਹੈ। ਇਹ ਸਭ ਹੋਣਾ ਹੀ ਹੈ। ਕਿੱਥੇ ਅਨਾਜ਼ ਸਬਜ਼ੀ ਨਹੀਂ ਮਿਲੇਗੀ, ਦੁੱਧ ਨਹੀਂ ਮਿਲੇਗਾ। ਜਿੱਥੇ ਕਿੱਥੇ ਖਿਟਪਿਟ ਹੈ। ਇਹ ਸਭ ਹੰਗਾਮਾ ਹੋਕੇ ਸ਼ਾਂਤੀ ਹੋਵੇਗੀ। ਅਰਜੁਨ ਨੂੰ ਵਿਨਾਸ਼ ਦਾ ਅਤੇ ਵਿਸ਼ਨੂੰਪੁਰੀ ਦਾ ਸ਼ਾਕਸ਼ਾਤਕਾਰ ਕਰਾਇਆ ਹੈ ਨਾ। ਤੁਹਾਨੂੰ ਵੀ ਹੁਣ ਹੋ ਰਿਹਾ ਹੈ। ਦੇਖੋ ਤੁਸੀਂ ਕਿੰਨੇ ਲਾਡਲੇ ਬੱਚੇ ਹੋ। ਬਹੁਤ ਜਨਮਾਂ ਦੇ ਅੰਤ ਵਿੱਚ ਆਕੇ ਮਿਲੇ ਹੋ ਪੂਰਾ ਸੌਭਾਗ ਲਵੋ।

(ਬਾਰਿਸ਼ ਬਹੁਤ ਤੇਜ਼ ਪਾ ਰਹੀ ਸੀ) ਦੇਖੋ ਬਾਬਾ ਦੀ ਵੀ ਗਿਆਨ ਵਰਖਾ ਬਹੁਤ ਹੋਈ ਹੈ ਤਾਂ ਉਸ ਬਾਰਿਸ਼ ਦੀ ਵੀ ਬਹੁਤ ਵਰਖਾ ਹੋਈ ਹੈ। ਬਾਰਿਸ਼ ਦੇ ਲਈ ਵੀ ਯੱਗ ਰਚਦੇ ਹਨ ਤਾਂ ਪੀਸ ਦੇ ਲਈ ਵੀ ਯੱਗ ਰਚਦੇ ਹਨ, ਪਰ ਪੀਸਫੁੱਲ ਤਾਂ ਇੱਕ ਭਗਵਾਨ ਹੈ। ਉਹ ਜਦੋ ਆਏ ਤਾਂ ਸ਼ਾਂਤੀ ਦਾ ਗਿਆਨ ਦੇਵੇ। ਦੇਣ ਵਾਲਾ ਤਾਂ ਉਹ ਹੈ ਨਾ। ਚੰਗੇ ਬੱਚਿਆਂ ਨੂੰ ਟੋਲਪੁਟ ਕਿਹਾ ਜਾਂਦਾ ਹੈ। ਮਿਠਾਈ ਖਿਲਾਈ ਜਾਂਦੀ ਹੈ ਉਹ ਜਿਸਮਾਨੀ ਮਿਠਾਈ, ਇਹ ਹੈ ਰੂਹਾਨੀ ਮਿਠਾਈ ਜੋ ਰੂਹਾਨੀ ਬਾਪ ਦਿੰਦੇ ਹਨ। ਦੇਹੀ - ਅਭਿਮਾਨੀ ਹੋ ਰਹਿਣਾ ਵੱਡੀ ਮੰਜ਼ਿਲ ਹੈ, ਇਸ ਵਿੱਚ ਮਿਹਨਤ ਹੈ। ਬਾਬਾ ਕਹਿੰਦੇ ਹਨ 8 ਘੰਟੇ ਤਾਂ ਦੇਹੀ - ਅਭਿਮਾਨੀ ਬਣੋ। ਫਿਰ ਭਾਵੇਂ ਸ਼ਰੀਰ ਨਿਰਵਾਹ ਦੇ ਅਰਥ ਕੰਮ ਵੀ ਕਰੋ। ਰਾਤ ਨੂੰ ਵੀ ਜਾਗੋ ਤਾਂ ਬਹੁਤ ਵਧੀਆ ਲਗਨ ਲੱਗੇਗੀ। ਕਮਾਈ ਹੈ ਨਾ। ਹੇ ਨੀਂਦ ਨੂੰ ਜਿੱਤਣ ਵਾਲੇ ਬੱਚੇ ਮੈਨੂੰ ਸ਼ਵਾਸ਼ੋਂ ਸ਼ਵਾਸ਼ ਯਾਦ ਕਰੋ। ਵਿਚਾਰ ਸਾਗਰ ਮੰਥਨ ਕਰੋ। ਰਾਤ ਦਿਨ ਜਿਨਾਂ ਯੋਗ ਵਿੱਚ ਰਹੋਂਗੇ, ਵਿਕਰਮ ਵਿਨਾਸ਼ ਹੋਣਗੇ। ਜਿਨਾਂ - ਜਿਨਾਂ ਗਿਆਨ ਦਾ ਸਿਮਰਨ ਕਰਨਗੇ ਓਨੀ ਕਮਾਈ ਹੋਵੇਗੀ। ਬਾਕੀ ਸਰਵਿਸ ਤਾਂ ਬਹੁਤ ਹੈ। ਬਾਬਾ ਕੋਲੋਂ ਪੁਛੋਗੇ ਤਾਂ ਬਾਬਾ ਕਹਿਣਗੇ ਬੈਠੇ ਰਹੋ ਆਰਾਮ ਕਰੋ। ਇਸ ਵਿੱਚ ਪੁੱਛਣ ਦੀ ਲੋੜ ਨਹੀਂ। ਬਾਬਾ ਨੇ ਲੋਕਲਾਜ਼ ਕੁਲ ਦਾ ਕੁਝ ਖਿਆਲ ਕੀਤਾ ਕੀ! ਅਰੇ ਬਾਦਸ਼ਾਹੀ ਮਿਲਦੀ ਹੈ। ਬਾਕੀ ਹਾਂ ਹਰੇਕ ਦਾ ਆਪਣਾ - ਆਪਣਾ ਪਾਰ੍ਹ ਹੈ। ਫਿਰ ਬਾਬਾ ਕੋਲੋਂ ਪੁੱਛਣਾ ਹੈ। ਹਰੇਕ ਨੂੰ ਆਪਣੀ - ਆਪਣੀ ਰਾਏ ਪੁੱਛਣੀ ਹੈ ਕਿਉਕੀ ਹਰੇਕ ਦਾ ਕਰਮਬੰਧਨ ਵੱਖ ਹੈ। ਪੈਸੇ ਹਨ ਤਾਂ ਅਲੌਕਿਕ ਸਰਵਿਸ ਵਿੱਚ ਸਫ਼ਲ ਕਰਨੇ ਹਨ। ਬੱਚਿਆਂ ਨੂੰ ਮਹਾਂਵੀਰ ਬਣਨਾ ਹੈ। ਗਾਇਆ ਵੀ

ਹੋਇਆ ਹੈ ਮੇਰਾ ਤਾਂ ਇੱਕ ਸ਼ਿਵਬਾਬਾ ਦੂਸਰਾ ਨਾ ਕੋਈ। ਉਹ ਹੀ ਸਭਦਾ ਬਾਪ ਹੈ। ਸ਼ਿਵਬਾਬਾ ਕਹਿੰਦੇ ਹਨ ਮੈਂ ਸਭ ਨੂੰ ਵਾਪਿਸ ਲੈ ਜਾਣ ਆਇਆ ਹਾਂ। ਬਾਪ ਕਹਿੰਦੇ ਹਨ ਇਸ ਦੁਨੀਆਂ ਵਿੱਚ ਇੱਕ ਵੀ ਮਨੁੱਖ ਤ੍ਰਿਕਾਲਦਰਸ਼ੀ ਆਸਤਿਕ ਨਹੀਂ ਹੈ। ਸਭ ਨਾਸਤਿਕ ਹਨ। ਬਾਪ ਨੂੰ ਨਾ ਜਾਨਣ ਵਾਲੇ। ਬਾਕੀ ਰਿਧੀ ਸਿੱਧੀ ਵਾਲੇ ਬਹੁਤ ਹਨ। ਮਾਇਆ ਵੀ ਕੋਈ ਘੱਟ ਨਹੀਂ ਹੈ, ਮਾਇਆ ਤੇ ਜਿੱਤ ਪਾਉਣੀ ਹੈ ਇਸਲਈ ਕਵਚ ਪਿਆ ਰਹੇ। ਕਵਚ ਦਾ ਅਰਥ ਹੀ ਹੈ ਮਨਮਨਾਭਵ। ਸ਼ਿਵਬਾਬਾ ਨੂੰ ਯਾਦ ਕਰੋ, ਦੇਹੀ - ਅਭਿਮਾਨੀ ਬਣੋ। ਇਸ ਅੰਤਿਮ ਜਨਮ ਵਿੱਚ ਤੁਸੀਂ ਇੱਕ ਹੀ ਵਾਰ ਦੇਹੀ - ਅਭਿਮਾਨੀ ਬਣਦੇ ਹੋ। ਫਿਰ ਸਤਿਯੁਗ ਵਿੱਚ ਕਲਿਯੁਗ ਤੱਕ ਇਹ ਦੇਹੀ - ਅਭਿਮਾਨੀ ਬਣਨ ਦੀ ਸਿੱਖਿਆ ਕੋਈ ਦਿੰਦਾ ਹੀ ਨਹੀਂ। ਇਸ ਸਮੇਂ ਹੀ ਦੇਹੀ - ਅਭਿਮਾਨੀ ਬਣਨਾ ਪੈਂਦਾ ਹੈ ਕਿਉਂਕਿ ਹੁਣ ਸ਼ਰੀਰ ਛੱਡ ਮੇਰੇ ਕੋਲ ਆਉਣਾ ਹੈ। ਦੇਵਤੇ ਦੇਹੀ - ਅਭਿਮਾਨੀ ਕਿਉਂ ਬਣਨ, ਉਨ੍ਹਾਂਨੂੰ ਵਾਪਿਸ ਥੋੜੀਹੀ ਜਾਣਾ ਹੈ। ਇਹ ਗਿਆਨ ਤੁਹਾਨੂੰ ਹੁਣ ਹੀ ਮਿਲਦਾ ਹੈ। ਤੁਸੀਂ ਅਸ਼ਰੀਰੀ ਸੀ ਫਿਰ ਇਹ ਸ਼ਰੀਰ ਧਾਰਨ ਕਰ ਪਾਰ੍ਟ ਵਜਾਇਆ, ਹੁਣ ਫਿਰ ਸ਼ਰੀਰ ਛੱਡ ਵਾਪਿਸ ਜਾਣਾ ਹੈ। ਆਪਣੀ ਅਵਸਥਾ ਨੂੰ ਜਮਾਨਾ ਹੈ। ਮਾਇਆ ਤੇ ਜਿੱਤ ਪਾਉਣੀ ਹੈ। ਗ੍ਰਹਿਸਤ ਵਿਵਹਾਰ ਵਿੱਚ ਤਾਂ ਰਹਿਣਾ ਹੈ। ਹੰਸ ਬਗੁਲੇ ਇਕੱਠੇ ਰਹਿੰਦੇ ਹਨ ਤਾਂ ਵਿਘਣ ਪੈਂਦੇ ਹਨ। ਅਸੁਰਾਂ ਦੇ ਸਿਤਮ ਵੀ ਬਹੁਤ ਸਹਿਣ ਕਰਨੇ ਹਨ। ਘਰ ਬੈਠੇ ਪ੍ਰਣ ਕਰ ਲੈਂਦੇ ਹਨ, ਬਾਬਾ ਕੁਝ ਵੀ ਹੋ ਜਾਏ ਅਸੀਂ ਤੁਹਾਡੇ ਤੋਂ ਵਰਸਾ ਤਾਂ ਜਰੂਰ ਲਵਾਂਗੇ। ਕਿੰਨੀ ਮਾਰ ਖਾਂਦੇ ਹਨ। ਡਰਾਮੇ ਅਨੁਸਾਰ ਇਹ ਪਾਰ੍ਟ ਕਲਪ ਪਹਿਲੇ ਵੀ ਚੱਲਿਆ ਸੀ। ਜੋ ਬਹੁਤ ਸਿਤਮ ਕਰਦੇ ਹਨ ਉਹ ਹੀ ਸੋਭਾਗਸ਼ਾਲੀ ਹਨ। ਫਿਰ ਵੀ ਆਕੇ ਮਿਲੇ ਹਨ ਨਾ! ਉਹਨਾਂ ਦੀ ਪ੍ਰਾਲਬੱਧ ਬਣ ਗਈ ਹੈ ਨਾ। ਹਾਂ ਇਸ ਵਿੱਚ ਮਿਹਨਤ ਹੈ, ਅਸੁਰ ਤੋਂ ਦੇਵਤਾ ਬਣਨਾ ਹੈ। ਜਦੋਂ ਤੱਕ ਜਿਉਂਦੇ ਹੋ ਗਿਆਨ ਅੰਮ੍ਰਿਤ ਪੀਣਾ ਹੀ ਹੈ। ਬਾਬਾ ਨਵੀਆਂ - ਨਵੀਆਂ ਗੱਲਾਂ ਸਮਝਾਉਂਦੇ ਰਹਿੰਦੇ ਹਨ। ਯੁਕਤੀਆਂ ਦੱਸਦੇ ਰਹਿੰਦੇ ਹਨ। ਇਸਨੂੰ ਵਿਚਾਰ ਸਾਗਰ ਮੰਥਨ ਕਿਹਾ ਜਾਂਦਾ ਹੈ। ਬੁੱਧੀ ਦੀ ਮਥਾਨੀ ਚਲਾਉਣੀ ਚਾਹੀਦੀ ਹੈ। ਰਾਤ ਨੂੰ ਵੀ ਸ਼ਿਵਬਾਬਾ ਨੂੰ ਯਾਦ ਕਰ ਸੋ ਜਾਓ, ਸਰਵਿਸ ਦਾ ਸ਼ੌਕ ਹੋਵੇਗਾ ਤਾਂ ਉਹਨਾਂ ਨੂੰ ਨੀਂਦ ਥੋੜੀਹੀ ਆਏਗੀ। ਖਿਆਲਲਾਤ ਚੱਲਦਾ ਰਹੇਗਾ। ਇਸ ਪੁਆਇੰਟ ਤੇ ਕੀ - ਕੀ ਸਮਝਾਈਏ। ਗਿਆਨ ਨੂੰ ਚੰਗੀ ਤਰ੍ਹਾਂ ਅੰਦਰ ਘੋਟਣਾ ਹੈ। ਜਦੋਂ ਗਿਆਨ ਘਿਸਣਗੇ ਤਾਂ ਹੀ ਰਾਜਤਿਲਕ ਲੈਣ ਦੇ ਲਾਇਕ ਬਣਨਗੇ। ਜੋ ਤਿੱਖੇ - ਤਿੱਖੇ ਬੱਚੇ ਹਨ ਉਨ੍ਹਾਂ ਨੂੰ ਫਾਲੋ ਕਰਨਾ ਚਾਹੀਦਾ ਹੈ, ਬੜੀ ਜ਼ਬਰਦਸਤ ਕਮਾਈ ਹੈ, ਜਿਨਾਂਦੇ ਕੋਲ ਲੱਖ ਕਰੋੜ ਹਨ ਉਹ ਸਭ ਖਲਾਸ ਹੋ ਜਾਣਗੇ। ਥੋੜੇ ਟਾਇਮ ਵਿੱਚ ਦੇਖਣਾ ਕੀ ਹੁੰਦਾ ਹੈ। ਫਿਰ ਮਨੁੱਖ ਜਾਗਣਗੇ। ਲੜਾਈ ਆਦਿ ਦੀ ਰਹਿਸਲ ਹੁੰਦੀ ਰਹੇਗੀ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਿਸੀ ਵੀ ਚੀਜ਼ ਵਿੱਚ ਆਸਕਤੀ ਨਹੀਂ ਰੱਖਣੀ ਹੈ। ਦੇਹੀ - ਅਭਿਮਾਨੀ ਹੋ ਕੇ ਰਹਿਣਾ ਹੈ। ਯਾਦ ਦਾ ਕਵਚ ਸਦਾ ਪਹਿਣ ਕੇ ਰੱਖਣਾ ਹੈ।

2. ਨੀਂਦ ਨੂੰ ਜਿੱਤ ਸਵਾਸ਼ੋ ਸਵਾਸ ਬਾਪ ਨੂੰ ਯਾਦ ਕਰਨਾ ਹੈ, ਗਿਆਨ ਦਾ ਸਿਮਰਨ ਕਰ ਕਮਾਈ ਜਮਾ ਕਰਨੀ ਹੈ। ਬੁੱਧੀ ਦੀ ਮਥਾਨੀ ਚਲਾਉਣੀ ਹੈ।

ਵਰਦਾਨ:- ਸਰਵਸ਼ਕਤੀਮਾਨ ਦੇ ਸਾਥ ਦੀ ਅਨੁਭੂਤੀ ਦਵਾਰਾ ਸਰਵ ਪ੍ਰਾਪਤੀਆਂ ਦਾ ਅਨੁਭਵ ਕਰਨ ਵਾਲੇ ਤ੍ਰਿਪਤ ਆਤਮਾ ਭਵ

ਜਿੱਥੇ ਸਰਵਸ਼ਕਤੀਮਾਨ ਬਾਪ ਹੈ ਉੱਥੇ ਸਰਵ ਪ੍ਰਾਪਤੀਆਂ ਦਾ ਅਨੁਭਵ ਖੁਦ ਹੁੰਦਾ ਹੈ। ਜਿਵੇਂ ਬੀਜ਼ ਹੈ ਤਾਂ ਝਾੜ ਸਮਾਇਆ ਹੋਇਆ ਹੈ। ਇਵੇਂ ਸਰਵਸ਼ਕਤੀਮਾਨ ਬਾਪ ਦਾ ਸਾਥ ਹੈ ਤਾਂ ਸਦਾ ਮਾਲਾਮਾਲ ਸਦਾ ਤ੍ਰਿਪਤ, ਸਦਾ ਸੰਪੰਨ ਹੋਵੋਗੇ। ਕਦੀ ਕਿਸੇ ਗੱਲ ਵਿੱਚ ਕਮਜ਼ੋਰ ਨਹੀਂ ਹੋਵੋਗੇ, ਕਦੀ ਕੋਈ ਕਮਪਲੈਂਟ ਨਹੀਂ ਕਰੋਂਗੇ, ਸਦਾ ਕੁੰਪਲੀਟ। ਕੀ ਕਰੀਏ, ਕਿਵੇਂ ਕਰੀਏ... ਇਹ ਕਮਪਲੇਂਟ ਨਹੀਂ। ਕਿਉਂ ਕੀ ਦੀ ਕਿਉ ਸਮਾਪਤ। ਜੋ ਸਦਾ ਨਾਲ ਰਹਿੰਦੇ ਹਨ ਉਹ ਚੱਲਣਗੇ ਵੀ ਨਾਲ।

ਸਲੋਗਨ:- ਨੈਣਾਂ ਵਿੱਚ ਜਿਵੇਂ ਨੂਰ ਸਮਾਇਆ ਹੈ ਇਵੇਂ ਬੁੱਧੀ ਵਿੱਚ ਸ਼ਿਵ ਪਿਤਾ ਦੀ ਯਾਦ ਸਮਾਈ ਹੋਵੇ।

******